# ਗੁਰਮਤਿ ਅਨਹਦ ਸ਼ਬਦ

ਭਾ: ਸਾ: ਰਣਧੀਰ ਸਿੰਘ

ਮੁੱਲ : 0-45

ੴ ਸਤਿਗੁਰਪ੍ਰਸਾਦਿ ॥

# ਗੁਰਮਤਿ ਅਨਹਦ ਸ਼ਬਦ


ਭਾਈ ਸਾਹਿਬ ਰਣਧੀਰ ਸਿੰਘ ਜੀ

ਲਿਖਤ


ਪੁਸਤਕ "ਅਨਹਦ ਸ਼ਬਦ ਦਸਮ ਦੁਆਰ"

ਦੇ ਅਧਾਰ ਤੇ


ਪ੍ਰਕਾਸ਼ਕ

'ਸੂਰਾ' ਮਾਸਕ ਪੱਤਰ ਅੰਮ੍ਰਿਤਸਰ

ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ



bsrstrust.org

ਕਾਪੀ ਰਾਈਟ
ਸ: ਬਲਬੀਰ ਸਿੰਘ
੧੨੬-ਮਾਡਲ ਟਾਊਨ, ਲੁਧਿਆਣਾ

ਇਸ ਲੇਖ ਦੇ ਸੰਪਾਦਕ
ਭਾਈ ਜੋਗਿੰਦਰ ਸਿੰਘ ਜੀ ਤਲਵਾੜਾ

ਪਹਿਲੀ ਵਾਰ ਅਕਤੂਬਰ ੧੯੭੮
੩੩੦੦ ਕਾਪੀਆ

ਦੂਜੀ ਵਾਰ ਸਤੰਬਰ ੧੯੮੩
੩੦੦੦ ਕਾਪੀ

ਪ੍ਰਿੰਟਰ
ਸਵੇਨ ਪ੍ਰਿੰਟਿੰਗ ਪ੍ਰੈਸ, ਅਡਾ ਟਾਂਡਾ, ਜਲੰਧਰ

bsrstrust.org

# ਸੂਚਨਾ

(ਈਲੈਕੱਟ੍ਰੌਨਿੱਕ ਐਡੀਸ਼ਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿੱਚ ਇਕ ਨਿਰਮੋਲ ਖ਼ਜ਼ਾਨਾ ਸੁਸ਼ੋਭਤ ਹੈ, ਜਿਸ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਤਕਰੀਬਨ ਹਰ ਪੱਖ ਦੀ ਵਿਆਖ਼ਿਆ ਕੀਤੀ ਹੋਈ ਹੈ ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਭਾਈ ਸਾਹਿਬ ਦੇ ਸਮਕਾਲੀ ਅਤੇ ਜੇ੍ਹਲ ਸਾਥੀ ਗਿਆਨੀ ਨਾਹਰ ਸਿੰਘ ਅਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਅਰੰਭ ਕੀਤੀ । ਉਸ ਤੋਂ ਉਪਰੰਤ 1962 ਵਿੱਚ ਇਸਦੀ ਸੇਵਾ ਭਾਈ ਸਾਹਿਬ ਦੇ ਸਪੁਤੱਰ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿਤੀ ਗਈ, ਜਿਸ ਵਿੱਚ ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਵਡੱਮੁਲੀਆਂ ਲਿਖਤਾਂ ਨੂੰ ਸਹੀ ਤਰੀਕੇ ਨਾਲ ਛਾਪਿਆ ਅਤੇ ਵੰਡਿਆ । ਭਾਈ ਸਾਹਿਬ ਦੀ ਜਨਮ ਸ਼ਤਾਬਦੀ ਦੇ ਸਮੇਂ, 1978 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਅਸਥਾਪਿਤ ਕੀਤਾ ਗਇਆ, ਜਿਸ ਦੀ ਸਰਪ੍ਰਸਤੀ ਹੇਠ ਇਹ ਪੁਸਤਕਾਂ ਅੱਜ ਤੱਕ ਪ੍ਰਕਾਸ਼ਿਤ ਹੋ ਰਹੀਆਂ ਹਨ ।

ਅਜੋਕੇ ਸਮੇਂ ਵਿੱਚ ਭਾਰਤ ਤੋਂ ਬਾਹਰ ਭਾਈ ਸਾਹਿਬ ਦੀਆਂ ਲਿਖਤਾਂ ਦੀ ਮੰਗ ਬਹੁਤ ਵਧ ਰਹੀ ਹੈ । ਨੌਜਵਾਨ ਪੀੜੀ ਦੀ ਮੰਗ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ. ਅਤੇ ਅਖੰਡ ਕੀਰਤਨੀ ਜਥਾ ਯੂ.ਕੇ. ਨੇ ਇਨ੍ਹਾਂ ਪੁਸਤਕਾਂ ਨੂੰ ਇੰਟਰਨੈਟ ਮੀਡੀਆ ਰਾਹੀਂ ਸੰਗਤਾਂ ਵਾਸਤੇ ਹਾਜ਼ਰ ਕੀਤੀਆਂ ਹਨ । ਸਾਨੂੰ ਆਸ ਹੈ ਕੇ ਥਾਂ ਥਾਂ ਵਸਦੀਆਂ ਸੰਗਤਾਂ ਇਸ ਉਪਰਾਲੇ

ਦਾ ਸਹੀ ਲਾਭ ਲੈ ਸਕਣਗੀਆਂ । ਅਸੀਂ ਧੰਨਵਾਦੀ ਹਾਂ ਸਾਧ-ਸੰਗਤ ਅਤੇ ਉਨ੍ਹਾਂ ਸੱਜਣਾਂ ਦੇ ਜੋ ਨਿਰੰਤਰ ਇਸ ਸੇਵਾ ਵਿੱਚ ਹਿੱਸਾ ਪਾਉਂਦੇ ਹਨ ।

ਗੁਰੂ ਸਾਹਿਬ ਦੀ ਮਿਹਰ ਅਤੇ ਸੰਮੂਹ ਸੰਗਤਾਂ ਦੀਆਂ ਆਸੀਸਾਂ ਸਦਕਾ ਇਹ ਕਾਰਜ ਹੋਇਆ ਹੈ ਅਤੇ ਆਸ ਰੱਖਦੇ ਹਾਂ ਕੇ ਅਗੇ ਤੋਂ ਵੀ ਸੰਗਤਾਂ ਦਾ ਸਹਿਯੋਗ ਮਿਲਦਾ ਰਹੇਗਾ ।

ਜੁਝਾਰ ਸਿੰਘ
**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ.**
ਜਨਵਰੀ 2013, ਯੂ.ਕੇ.

**ਪ੍ਰਕਾਸ਼ਕ:**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**


*ਵੈਬਸਾਈਟ (Website): www.bsrstrust.org*
*ਈ-ਮੇਲ (Email): info@bsrstrust.org*
*ਫੇਸਬੁੱਕ (Facebook): www.facebook.com/BSRSTrust*
*ਟਵਿਟਰ (Twitter): www.twitter.com/BSRSTrust (@BSRSTrust)*


**ISBN: 978-1-909065-63-5**

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

# ਅਰੰਭਕ ਜਾਣ ਪਛਾਣ

੭ ਜੁਲਾਈ ੧੯੭੮ ਨੂੰ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਸਿਖ ਜਗਤ ਵਲੋਂ ਮਨਾਈ ਗਈ। ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਬੜੀ ਵਚਿਤਰ ਅਤੇ ਮਹਾਨ ਸੀ ਅਤੇ ਆਪਣੇ ਆਪ ਵਿਚ ਮਾਨੋ ਇਕ ਸੰਪੂਰਨ ਸੰਸਥਾ ਸੀ। ਉਹ ਇਕ ਆਦਰਸ਼ਕ ਗੁਰਸਿਖ, ਨਾਮ ਬਾਣੀ ਦੇ ਰਸਾਲ ਰਸੀਏ, ਅਣਥਕ ਅਤੇ ਰਸਿਕ ਕੀਰਤਨੀਏ, ਗੁਰਮਤਿ ਰਹਿਤ ਰਹਿਣੀ ਦੇ ਆਸ਼ਕ, ਅਤੇ ਗੁਰਮਤਿ ਸਿਧਾਂਤਾਂ ਦੇ ਸੁਘੜ ਅਤੇ ਨਿਰਭੈ ਵਿਆਖਿਆਕਾਰ ਸਨ। ਚਿਹਰੇ ਤੇ ਨਾਮ ਦੀ ਲਾਲੀ ਦਗ ਦਗ ਕਰਦੀ ਸੀ ਅਤੇ ਖ਼ਾਲਸਈ ਸ਼ਸਤਰਾਂ ਬਸਤ੍ਰਾਂ ਨਾਲ ਸਸ਼ੋਭਤ, ਗੁਸਾਈਂ ਦੇ ਪਹਿਲਵਾਨੜੇ ਲਗਦੇ ਸਨ।

ਗੁਰੂ ਘਰ ਵਿਚ ਜਨਮ ਲੈਣ ਸਾਰ, ਭਾਵ ਅੰਮ੍ਰਿਤ ਛਕਣ ਸਾਰ ਆਪ ਜੀ ਦੇ ਅੰਦਰ ਮਨ ਬਚ ਕਰਮ ਕਰਕੇ ਸਿਖੀ ਕਮਾਉਣ ਦਾ ਇਸ਼ਕ ਜਾਗ ਉਠਿਆ। ਹੁਕਮਨ ਸਿਰ ਹੁਕਮ—ਨਾਮ ਸਿਮਰਨ—ਤਾਂ ਆਪ ਜੀ ਦਾ ਜੀਵਨ-ਅਧਾਰ ਬਣ ਚੁਕਿਆ ਸੀ ਤੇ ਨਾਮ ਦੇ ਅਜਪਾ ਜਾਪ ਦਾ ਤੋਰਾ ਅਠੇ-ਪਹਿਰ ਸਾਸ ਗਿਰਾਸ ਹੀ ਤੁਰਿਆ ਰਿਹਾ, ਪਰ ਅੰਮ੍ਰਿਤ ਛਕਣ ਸਮੇਂ ਦਸੇ ਦ੍ਰਿੜ੍ਹਾਏ ਗਏ ਬਾਕੀ ਗੁਰ-ਹੁਕਮਾਂ ਉਤੇ ਵੀ ਆਪ ਜੀ ਨੇ ਜੀਵਨ ਪ੍ਰਯੰਤ ਬੜੀ ਦ੍ਰਿੜ੍ਹਤਾ, ਸ਼ਰਧਾ ਅਤੇ ਸਿਦਕ ਨਾਲ ਪਹਿਰਾ ਦਿਤਾ। ਸਾਧਾਰਨ ਜੀਵਨ ਵਿਚ ਸਿਖੀ ਕਮਾਉਣ ਦੀ ਗੱਲ ਤਾਂ ਇਕ ਪਾਸੇ ਰਹੀ, ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ, ਕਰੜੇ ਤੇ ਬਿਖਮ ਹਾਲਾਤ ਵਿਚ ਵੀ ਆਪ ਜੀ ਨੇ ਸਰਬ ਲੋਹ ਬਿਬੇਕ ਦਾ ਅਸੂਲ ਦ੍ਰਿੜ੍ਹ ਰਖਿਆ। ਗੁਰਮਤਿ



bsrstrust.org

ਅਸੂਲਾਂ ਦੀ ਪਾਲਣਾ ਕਰਨ ਹਿਤ ਆਪ ਜੀ ਨੂੰ ਕਈ ਕਈ ਦਿਨ (ਇਕ ਵਾਰੀ ਚਾਲ੍ਹੀ ਦਿਨ) ਫਾਕੇ ਕੜਾਕੇ ਹੀ ਰਹਿਣਾ ਪਿਆ, ਪਰ ਬਿਖਮ ਭਾਣਿਆਂ ਵਿਚ ਵੀ ਸ਼ਾਕਰ ਰਹਿ ਕੇ ਸ਼ੁਕਰ ਸ਼ੁਕਰ ਕਰਦਿਆਂ ਨਾਮ-ਰਸ ਵਿਚ ਮਖ਼ਮੂਰ ਰਹੇ। ਜੇਲ੍ਹਾਂ ਦੇ ਦਮ-ਘੁਟਣੇ ਵਾਤਾ-ਵਰਣ ਵਿਚ ਨਾਮ ਬਾਣੀ ਦਾ ਨਿਰੰਤਰ ਪ੍ਰਵਾਹ ਜਾਰੀ ਰਖਿਆ, ਜਿਸ ਦੇ ਸਿਰ ਸਦਕੇ ਆਪ ਸਦਾ ਚੜ੍ਹਦਦੀਆਂ ਕਲਾਂ ਵਿਚ ਰਹੇ ਅਤੇ ਜੇਲ੍ਹ-ਕਰਮਚਾਰੀਆਂ ਵਿਚੋਂ ਕਈਆਂ ਉਤੇ ਸਿਖੀ ਦਾ ਰੰਗ ਚੜ੍ਹਿਆ।

ਜੇਲ੍ਹੋਂ ਬਾਹਰ ਆ ਕੇ ਤਾਂ ਗੁਰੂ ਕੇ ਹੀ ਹੋ ਗਏ। ਅਖੰਡਪਾਠਾਂ, ਕੀਰਤਨ-ਸਮਾਗਮਾਂ ਅਤੇ ਅੰਮ੍ਰਿਤ-ਸਿੰਚਾਰ ਸਮਾਗਮਾਂ ਦਾ ਹੜ੍ਹ ਲੈ ਆਂਦਾ। ਛਤੀ ਛਤੀ ਘੰਟੇ ਲਗਾਤਾਰ ਕੀਰਤਨ-ਮਹਿਫ਼ਲਾਂ ਵਿਚ ਅਟੱਲ ਚੌਕੜੇ ਜਮਾਈ ਕੀਰਤਨ ਕਰਦੇ ਅਥਵਾ ਸੁਣਦੇ ਰਹੇ। ਬੇਅੰਤ ਰੈਣ-ਸਬਾਈਆਂ ਅਤੇ ਦਿਵਸ-ਸੁਹੇਲੇ, ਕੀਰਤਨ ਦੀਆਂ ਅਗੰਮੀ ਧੁਨੀਆਂ ਵਿਚ ਆਪ ਜੀ ਨੇ ਸਫਲ ਕੀਤੇ, ਪਰ ਕੀਰਤਨ ਦੀ ਭੁਖ ਆਪ ਅੰਦਰ ਏਨੀ ਸੀ ਕਿ ਰਜਣ ਵਿਚ ਹੀ ਨਹੀਂ ਸੀ ਆਉਂਦੇ। ਪਿਆਰ ਵਿਚ ਗੜੁੱਚ ਹੋ ਕੇ ਕੀਤੇ ਨਿਸ਼ਕਾਮ ਕੀਰਤਨ ਦੀ ਪਰਤੱਖ ਕਲਾ ਵਰਤੀ ਤੇ ਕੀਰਤਨ ਦੇ ਆਸ਼ਕ ਆ-ਮੁਹਾਰੇ ਆਪ ਪਾਸ ਖਿਚੇ ਆਏ। ਆਪ ਜੀ ਦਾ ਅਖੰਡ ਕੀਰਤਨੀ ਜੱਥਾ ਸਜ ਗਿਆ ਤੇ ਕੀਰਤਨ ਦੀਆਂ ਗੂੰਜਾਂ ਪੈਣ ਲਗੀਆਂ, ਜੋ ਅਜ ਤਕ ਥਾਉਂ ਥਾਈਂ ਦੂਣ ਸਵਾਈਆਂ ਪੈਂਦੀਆਂ ਚਲੀਆਂ ਆ ਰਹੀਆਂ ਹਨ।

ਆਪ ਜੀ ਦੀ ਸ਼ਖਸੀਅਤ ਬਹੁ-ਪੱਖੀ ਸੀ, ਅਤੇ ਹਰੇਕ ਪੱਖ ਨਿਰਾਲੀ ਆਭਾ ਵਾਲਾ ਸੀ। ਆਪ ਜੀ ਨੇ ਗੁਰਮਤਿ ਦੇ ਕਈ ਅਣਛੋਹੇ ਵਿਸ਼ਿਆਂ ਤੇ ਗੁਰਬਾਣੀ ਦੀ ਰੌਸ਼ਨੀ ਵਿਚ ਅਤੇ ਨਿਜੀ ਅਨੁਭਵ ਦੇ ਅਧਾਰ ਤੇ ਭਰਪੂਰ ਚਾਨਣਾ ਪਾਇਆ। ਆਪ ਜੀ ਵਲੋਂ ਗੁਰਮਤਿ ਦੇ ਵਖ ਵਖ ਵਿਸ਼ਿਆਂ ਸਬੰਧੀ ਤਕਰੀਬਨ ੪੦ ਵਡੀਆਂ ਛੋਟੀਆਂ ਪੁਸਤਕਾਂ ਮਿਲਦੀਆਂ ਹਨ।

ਸਾਸ ਗਿਰਾਸ ਨਾਮ ਅਭਿਆਸ ਕਮਾਈ ਦੀ ਤੁਫ਼ੈਲ ਆਪ ਜੋਤਿ



bsrstrust.org

ਵਿਗਾਸ ਅਵਸਥਾ ਨੂੰ ਪ੍ਰਾਪਤ ਹੋਏ, ਜਿਸ ਬਾਰੇ ਵਰਨਣ 'ਜੇਲ੍ਹ-ਚਿਠੀਆਂ' ਪੁਸਤਕ ਵਿਚ ਮਿਲਦਾ ਹੈ। ਦਸਮ ਦੁਆਰ ਦੀਆਂ ਉਚੀਆਂ ਆਤਮਿਕ ਖੇਡਾਂ ਦੇ ਖੇਡਾਰੀ ਹੁੰਦਿਆਂ ਸੁੰਦਿਆਂ ਆਪ ਸਦਾ ਹੁਕਮੀ ਬੰਦੇ ਬਣ ਕੇ ਹੀ ਵਿਚਰੇ ਅਤੇ ਆਪਣਾ ਆਪ ਰਤਾ ਭਰ ਵੀ ਜਣਾਇਆ ਨਹੀਂ। ਆਪਣੇ ਆਪ ਨੂੰ ਸੰਤ ਨਹੀਂ ਅਖਵਾਇਆ, ਕੋਈ ਡੇਰਾ ਜਾਂ ਗਦੀ ਕਾਇਮ ਨਹੀਂ ਕੀਤੀ ਅਤੇ ਕਿਸੇ ਆਰਥਕ ਲਾਭ ਨੂੰ ਮੁਖ ਨਹੀਂ ਰਖਿਆ। ਨਿਰੋਲ ਖਾਲਸਾ ਗੁਰ-ਭਾਈਆਂ ਦਾ ਭਾਈਚਾਰਾ ਉਜਾਗਰ ਕੀਤਾ।

ਭਾਈ ਸਾਹਿਬ ਜੀ ਦੀ ਜਨਮ-ਸ਼ਤਾਬਦੀ ਮਨਾਉਂਦਿਆਂ ਹੋਇਆਂ ਜਿਥੇ ਉਹਨਾਂ ਦੇ ਜੀਵਨ ਦੇ ਉਸਾਰੂ ਪੱਖਾਂ ਨੂੰ ਉਜਾਗਰ ਕੀਤੇ ਜਾਣ ਦੀ ਲੋੜ ਹੈ ਉਥੇ ਇਹ ਵੀ ਜ਼ਰੂਰੀ ਹੈ ਕਿ ਭਾਈ ਸਾਹਿਬ ਜੀ ਨੇ ਜੋ ਰੂਹਾਨੀ ਪ੍ਰਾਪਤੀਆਂ ਕੀਤੀਆਂ ਅਤੇ ਇਸ ਲਈ ਜੋ ਗੁਰਮਤੀ ਸਫਲ ਸਾਧਨ ਵਰਤੇ ਅਤੇ ਆਪਣੀਆਂ ਪੁਸਤਕਾਂ ਵਿਚ ਨਿਰੂਪਨ ਕੀਤੇ, ਉਹਨਾਂ ਬਾਰੇ ਉਹਨਾਂ ਦੀਆਂ ਪੁਸਤਕਾਂ ਵਿਚੋਂ ਨੋਟ ਕਢ ਕੇ ਸੰਖੇਪ ਲੇਖਾਂ ਦੇ ਰੂਪ ਵਿਚ ਜਗਿਆਸੂਆਂ ਨੂੰ ਉਪਲਬਧ ਕੀਤੇ ਜਾਣ।

ਜੀਵਨ ਵਿਚ, ਭਾਈ ਸਾਹਿਬ ਜੀ ਦੀਆਂ ਅਧਿਆਤਮਕ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਵਿਚੋਂ 'ਦਸਮ ਦੁਆਰ' ਦੀ ਪ੍ਰਾਪਤੀ ਸਰਬੋਤਮ ਸਮਝੀ ਜਾਂਦੀ ਹੈ।

## ਦਸਮ ਦੁਆਰ ਦੀ ਹੋਂਦ–

ਗੁਰਬਾਣੀ ਵਿਚ ਦਸਮ ਦੁਆਰ ਦੀ ਬਹੁਤ ਚਰਚਾ ਹੈ। ਗੁਰਬਾਣੀ ਵਿਚ ਇਸ ਦਾ ਵਰਨਣ ਦਸਮ ਦੁਆਰ, ਗਗਨ ਮੰਡਲ, ਗਗਨਪੁਰ, ਅਗਮਪੁਰਾ, ਸੁਖ ਮਹਲ, ਬੇਗਮਪੁਰਾ, ਸਚਖੰਡ ਆਦਿ ਸ਼ਬਦਾਂ ਦੁਆਰਾ ਕੀਤਾ ਮਿਲਦਾ ਹੈ। ਅੰਮ੍ਰਿਤ ਵੇਲੇ ਅੰਮ੍ਰਿਤ ਬਾਣੀਆਂ ਦਾ ਨਿਤਨੇਮ ਕਰਦਿਆਂ ਸ੍ਰੀ ਅਨੰਦ ਸਾਹਿਬ ਦੀ ਅਠੱਤਵੀਂ ਪਉੜੀ ਵਿਚ ਹਰੇਕ ਗੁਰਸਿਖ ਹਠ ਲਿਖੀਆਂ ਪੰਗਤੀਆਂ ਦਾ ਪਾਠ ਨਿਤਾਪ੍ਰਤਿ ਕਰਦਾ ਹੈ :–

bsrstrust.org

ਹਰਿ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ,
ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ॥

ਕਿੰਨਾ ਸਪੱਸ਼ਟ ਹੈ ਕਿ ਨੌਂ ਪਰਗਟ ਦੁਆਰਿਆਂ ਵਾਲੀ ਇਸ ਸਰੀਰ-ਗੁਫਾ ਵਿਚ ਦਸਵਾਂ ਦੁਆਰਾ ਵਿਧਾਤਾ ਵਲੋਂ ਗੁਪਤ ਰਖਿਆ ਹੋਇਆ ਹੈ। ਜਿਥੇ ਸਾਰੀ ਲੋਕਾਈ ਨੌਂ ਦੁਆਰਿਆਂ ਦੇ ਸੁਆਦਾਂ ਵਿਚ ਰਚ ਕੇ ਜੀਵਨ-ਖੇਡ ਖੇਡ ਰਹੀ ਹੈ, ਉਥੇ ਵਿਧਾਤਾ ਪੁਰਖ ਕੁਝ ਵਡਭਾਗੀ ਜਗਿਆਸੂਆਂ ਨੂੰ ਪੂਰੇ ਗੁਰੂ ਦੀ ਸ਼ਰਨ ਪਾ ਕੇ, ਉਹਨਾਂ ਦੇ ਹਿਰਦੇ ਅੰਦਰ ਪੂਰੇ ਗੁਰੂ ਅਤੇ ਉਸ ਦੇ ਬਖਸ਼ੇ ਨਾਮ ਪ੍ਰਤੀ ਸ਼ਰਧਾ ਭਾਵਨੀ ਪੈਦਾ ਕਰ ਕੇ, ਉਹਨਾਂ ਨੂੰ ਦਸਵਾਂ ਗੁਪਤ ਦੁਆਰ ਦਿਖਾ ਦੇਂਦਾ ਹੈ।

ਏਨੀ ਸਪੱਸ਼ਟਤਾਈ ਦੇ ਬਾਵਜੂਦ ਅਜ ਦੇ ਬੁਧੀ-ਜੀਵੀਏ ਗਿਆਨੀ ਤੇ ਅਕਲਈਏ ਵਿਆਖਿਆਕਾਰ 'ਦਸਮ ਦੁਆਰ' ਦੀ ਹੋਂਦ ਤੋਂ ਮੁਨਕਰ ਹਨ। ਕੋਈ ਆਖਦਾ ਹੈ ਕਿ ਗੁਰਬਾਣੀ ਵਿਚ ਆਇਆ 'ਦਸਮ ਦੁਆਰ' ਸ਼ਬਦ ਦਿਮਾਗ ਵਲ ਸੰਕੇਤ ਕਰਦਾ ਹੈ, ਕੋਈ ਆਖਦਾ ਹੈ ਕਿ ਇਹ ਯੋਗੀਆਂ ਦਾ ਮਨੋਕਲਪਤ ਅਸਥਾਨ ਹੈ, ਗੁਰਮਤਿ ਨਾਲ ਇਸ ਦਾ ਕੋਈ ਸੰਬੰਧ ਨਹੀਂ। ਪਰ ਗੁਰਬਾਣੀ ਉਤੇ ਸ਼ਰਧਾ ਭਾਵਨੀ ਰਖਣ ਵਾਲੇ ਅਨਿੰਨ ਗੁਰਸਿਖਾਂ ਨੂੰ ਯਕੀਨ ਹੈ ਕਿ ਗੁਰਬਾਣੀ ਅੰਦਰ ਕੋਈ ਗੱਲ ਮਨੋਕਲਪਤ ਨਹੀਂ। ਗੁਰਬਾਣੀ ਨਿਰੋਲ ਸੱਚ ਨੂੰ ਨਿਰੂਪਨ ਕਰਦੀ ਹੈ ਅਤੇ ਇਸ ਦਾ ਅਖਰ ਅਖਰ ਸੱਚਾ ਹੈ। ਅਜਿਹੇ ਸ਼ਰਧਾਲੂ ਗੁਰਸਿਖਾਂ ਨੂੰ ਦਸਮ ਦੁਆਰ ਦੀ ਹੋਂਦ ਉਤੇ ਪੂਰਨ ਯਕੀਨ ਹੁੰਦਾ ਹੈ ਅਤੇ ਉਹਨਾਂ ਅੰਦਰ 'ਦਸਮ ਦੁਆਰ' ਤਕ ਅਪੜਨ ਦੀ ਰੀਝ ਬਣੀ ਰਹਿੰਦੀ ਹੈ।



bsrstrust.org

## ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ—

ਇਹ ਮਨੁਖੀ ਸਰੀਰ ਹਰਿ ਕਾ ਵਚਿਤਰ ਮੰਦਰ ਹੈ। ਇਸ ਸਰੀਰ ਦਾ ਹਰੇਕ ਛੋਟਾ ਵਡਾ ਅੰਗ ਅਮੋਲ ਹੈ ਅਤੇ ਵਚਿਤਰ ਹੈ। ਮਾਇਕ ਰਸਾਂ ਕਸਾਂ ਵਿਚ ਖੱਚਤ ਵਿਅਕਤੀਆਂ ਨੂੰ ਇਸ ਅਮੋਲਕ ਦਾਤਿ ਦੀ ਸਾਰ ਨਹੀਂ ਪੈਂਦੀ। ਸਰੀਰ ਦੇ ਪਰਗਟ ਨੌਂ ਦੁਆਰਿਆਂ ਦੇ ਸੁਆਦਾਂ ਦੇ ਭੋਗ ਭੋਗਦੇ ਹੋਏ ਸੰਸਾਰੀ ਲੋਕ ਇਸ ਦੁਰਲਭ ਵਸਤੂ (ਮਨੁਖੀ ਸਰੀਰ) ਨੂੰ ਅਜਾਈਂ ਗੰਵਾ ਲੈਂਦੇ ਹਨ।

ਖਾਣਾ, ਪੀਣਾ, ਭੋਗ ਭੋਗਣਾ ਇਹ ਤਾਂ ਪਸ਼ੂਆਂ ਵਿੱਚ ਵੀ ਹੈ, ਫਿਰ ਜੇ ਚੌਰਾਸੀ ਲਖ ਜੂਨਾਂ ਦਾ ਸਰਦਾਰ—ਮਨੁਖ ਵੀ ਤਵੇ ਪਰਾਤ ਅਤੇ ਚੰਮ-ਦੰਮ ਦੀ ਕੈਦ ਵਿਚ ਹੀ ਪਿਆ ਰਵੇ ਤਾਂ ਫਿਰ ਮਨੁਖ ਅਤੇ ਪਸ਼ੂ ਵਿਚ ਕਾਹਦਾ ਫ਼ਰਕ !

ਨੌਂ ਦੁਆਰਿਆਂ ਦੇ ਸੁਆਦ ਮਨੁਖ ਨੂੰ ਬਾਂਦਰ ਵਾਂਗ ਨਚਾਈ ਫਿਰਦੇ ਹਨ। ਮਨੁਖ ਇਹਨਾਂ ਵਾਸਤੇ ਹਲਕਾਇਆ ਫਿਰਦਾ ਹੈ ਅਤੇ ਦਰ ਦਰ ਤੇ ਠੋਕਰਾਂ ਖਾ ਰਿਹਾ ਹੈ। ਨੌਂ ਦੁਆਰਿਆਂ ਦੇ ਸੁਆਦ ਛਿਨ-ਭੰਗਰੀ ਹਨ ਅਤੇ ਇਹਨਾਂ ਦੇ ਭੋਗ ਸਰੀਰਕ ਸੱਤਾ ਨੂੰ ਖੀਨ ਕਰਦੇ ਹਨ। ਇਹਨਾਂ ਸੁਆਦਾਂ ਦੇ ਭੋਗ ਭੋਗਣ ਨਾਲ ਤ੍ਰਿਪਤੀ ਨਹੀਂ ਹੁੰਦੀ, ਸਗੋਂ ਤ੍ਰਿਸ਼ਨਾ ਹੋਰ ਭੜਕਦੀ ਹੈ, ਇਸ ਲਈ ਉਪਰੋਂ ਉਪਰੋਂ ਭਾਵੇਂ ਇਹ ਮਿਠੇ ਲਗਦੇ ਹਨ, ਪਰ ਵਾਸਤਵ ਵਿਚ ਇਹ ਫਿਕੇ ਹਨ। ਇਹਨਾਂ ਦੇ ਫਿਕੇ ਹੋਣ ਦਾ ਅਹਿਸਾਸ ਕੇਵਲ ਉਸ ਵਡਭਾਗੇ ਸਜਣ ਨੂੰ ਹੀ ਹੋ ਸਕਦਾ ਹੈ ਜਿਸ ਨੂੰ ਗੁਰ-ਸ਼ਬਦ ਦੀ ਘਾਲ ਕਮਾਈ ਦਾ ਸਦਕਾ ਦਸਵੇਂ ਦੁਆਰ ਦੇ ਅੰਮ੍ਰਿਤ-ਰਸ ਭੁੰਚਣ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ :—

ਨਉ ਦਰਵਾਜੇ ਨਵੇ ਦਰ ਫੀਕੇ ਰਸ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥

—ਕਲਿਆਨ ਅਸਟ: ਮ: ੪, ਪੰਨਾ ੧੩੨੩



bsrstrust.org

ਦਸਮ ਦੁਆਰ ਪਰਗਾਸ ਹੋਣ ਮਗਰੋਂ ਅਭਿਆਸੀ ਦੀ ਸੁਰਤੀ ਅਨਹਦ ਸ਼ਬਦ ਅਤੇ ਅੰਮ੍ਰਿਤ-ਰਸ ਦੇ ਸੁਆਦ ਵਿਚ ਹੀ ਗੜੂੰਦ ਰਹਿੰਦੀ ਹੈ। ਨਵਾਂ ਦੁਆਰਿਆਂ ਦੇ ਰਸ ਇਸ ਦੇ ਮੁਕਾਬਲੇ ਹੇਚ ਹੋਣ ਕਾਰਨ ਅਭਿਆਸੀ ਗੁਰਸਿਖ ਦੇ ਅੰਦਰਿ ਇਹਨਾਂ ਰਸਾਂ ਦੇ ਭੋਗ ਭੋਗਣ ਦੀ ਅਕਾਂਖਿਆ ਹੀ ਨਹੀਂ ਉਪਜਦੀ। ਅੰਮ੍ਰਿਤ ਨਾਮ ਦੇ ਅਭਿਆਸ ਨਾਲ ਦਸਵੇਂ ਦੁਆਰ ਚੋਂ ਅੰਮ੍ਰਿਤ ਦਾ ਮੋਘਾ ਖੁਲ੍ਹਣ ਨਾਲ ਬਾਹਰਲੇ ਨੌਂ ਦੁਆਰੇ ਵੀ ਅੰਮ੍ਰਿਤ ਨਾਲ ਸਰਸ਼ਾਰ ਹੋ ਜਾਂਦੇ ਹਨ। ਗੁਰਵਾਕ—

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ।
ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥...੩॥

[ਮਾਰੂ ਮ: ੪, ਪੰਨਾ ੯੯੮

ਮਾਇਆ-ਵਾਦੀ ਬਿਰਤੀਆਂ ਵਾਲੇ ਭੌਤਕ-ਵਿਗਿਆਨੀ ਇਸ ਸਰੀਰ ਦੇ ਸਥੂਲ ਅੰਗਾਂ ਨੂੰ ਹੀ ਪੇਖ ਪਰਖ ਸਕਦੇ ਹਨ। ਉਹਨਾਂ ਨੂੰ ਸਰੀਰ ਵਿਚਲੇ ਦਿਬ-ਲਤੀਫ਼ੀ ਤੇ ਗੁਹਜ ਗੁਪਤ ਹਿਸਿਆਂ ਬਾਰੇ ਗਿਆਨ ਨਹੀਂ ਹੋ ਸਕਦਾ। ਉਹਨਾਂ ਨੂੰ ਚੀਰ ਫਾੜ ਕਰਨ ਤੇ ਵੀ ਸਰੀਰ ਵਿਚੋਂ ਨਾਭ ਕਮਲ ਅਤੇ ਦਸਮ ਦੁਆਰ ਕਿਧਰੇ ਨਜ਼ਰ ਨਹੀਂ ਆਉਂਦੇ ਤੇ ਨਾ ਆ ਸਕਦੇ ਹਨ। ਉਹਨਾਂ ਨੂੰ ਤਾਂ ਸਰੀਰ ਅੰਦਰਲੇ ਬਜਰ ਕਪਾਟ ਤ੍ਰਿਕੁਟੀ ਆਦਿ ਵੀ ਨਹੀਂ ਦੀਹਦੇ :—

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੇ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ॥...੧੪॥

[ਗੂਜਰੀ ਕੀ ਵਾਰ ਮ: ੩, ਪੰਨਾ ੫੧੪

—ਓ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥



bsrstrust.org

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥...੧੫॥

[ਰਾਮਕਲੀ ਕੀ ਵਾਰ ਮ: ੩, ਪੰਨਾ ੯੫੪

ਜਿੰਨਾ ਪਸਾਰਾ ਤ੍ਰਿਭਵਣੀ ਜਗਤ ਦਾ ਹੈ ਓਨਾ ਹੀ ਇਸ ਕਾਇਆਂ ਅੰਦਰ ਹੈ। ਪਰ ਬਾਹਰਮੁਖੀ ਹੋਇਆ ਮਨ ਕਦੀ ਅੰਦਰ ਝਾਤੀ ਪਾ ਕੇ ਵੇਖਣ ਦਾ ਯਤਨ ਹੀ ਨਹੀਂ ਕਰਦਾ। ਅੰਤਰਮੁਖੀ ਹੋਣ ਲਈ ਮਾਇਆ ਦਾ ਤਿਆਗ ਕਰ ਕੇ ਨਾਮ ਦੀ ਟੇਕ ਲੈਣੀ ਜਰੂਰੀ ਹੈ। ਦਿਬ-ਮੰਡਲ ਦਸਮ ਦੁਆਰ ਦਾ ਉਘਾੜ ਨਾਮ ਦੀ ਅਤੁਟ ਕਮਾਈ ਦੁਆਰਾ ਹੀ ਹੋ ਸਕਦਾ ਹੈ ਅਤੇ ਅਕਾਲ ਪੁਰਖ ਦਾ ਪਰਤੱਖ ਦੀਦਾਰ ਦਸਮ ਦੁਆਰ ਦੇ ਉਘਾੜ ਹੋਣ ਤੇ ਹੀ ਹੋ ਸਕਦਾ ਹੈ, ਇਹ ਪੱਕੀ ਸ਼ਰਤ ਹੈ :–

ਤਿਨਿ ਕਰਤੈ ਇਕੁ ਖੇਲੁ ਰਚਾਇਆ ॥
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥

[ਮਾਝ ਮ: ੩, ਪੰਨਾ ੧੧੭

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ
ਹਰਿ ਮੇਲੇ ਮੇਲਣਹਾਰ ॥੪॥੫॥

[ਮਲਾਰ ਮ: ੧, ਪੰਨਾ ੧੨੫੬

ਦਸਵੈ ਦੁਆਰਿ ਕੁੰਚੀ ਜਬ ਦੀਜੈ ॥
ਤਉ ਦਇਆਲ ਕੋ ਦਰਸਨੁ ਕੀਜੈ ॥

[ਬਾਵਨ ਅਖਰੀ ਗਉੜੀ, ਕਬੀਰ ਜੀ, ਪੰਨਾ ੩੪੧


bsrstrust.org

ਸੋ, "ਦਸਮ ਦੁਆਰ" ਇਕ ਮਹੱਤਵ ਪੂਰਨ ਰਹੱਸ-ਮਈ ਸਥਾਨ ਕਾਇਆਂ ਅੰਦਰ ਹੀ ਹੈ ਅਤੇ ਇਸ ਵਿਚ ਵਰਤਣ ਵਾਲੀ ਸਾਰੀ ਖੇਡ; ਜੋਤਿ-ਪ੍ਰਗਾਸ, ਅੰਮ੍ਰਿਤ-ਪ੍ਰਵਾਹ, ਅਨਹਦ-ਸ਼ਬਦ, ਸਭ ਕੁਝ ਰਹਸ-ਮਈ ਹੈ। ਇਸ ਲਈ ਇਸ ਮਹੱਤਵ ਪੂਰਨ ਅਤੇ ਰੋਚਕ ਵਿਸ਼ੇ ਸਬੰਧੀ ਭਾਈ ਸਾਹਿਬ ਦੀ ਰਚਿਤ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਵਿਚੋਂ ਨੋਟ ਲੈ ਕੇ, ਉਹਨਾਂ ਦੀ ਸਗਵੀਂ ਲੇਖਣੀ ਨੂੰ ਸੰਖੇਪ ਲੇਖ ਵਿਚ ਪੇਸ਼ ਕਰਨ ਦਾ ਇਹ ਨਿਮਾਣਾ ਜਿਹਾ ਯਤਨ ਪਾਠਕਾਂ ਦੀ ਸਹੂਲਤ ਲਈ ਕੀਤਾ ਗਿਆ ਹੈ। ਵਧੀਕ ਅਗਵਾਈ ਲਈ ਅਤੇ ਪੂਰਾ ਅਨੰਦ ਲੈਣ ਲਈ ਸੰਪੂਰਨ ਪੁਸਤਕ ਪੜ੍ਹਨੀ ਜ਼ਰੂਰੀ ਹੈ ਜੀ।

ਜੁਗਿੰਦਰ ਸਿੰਘ



bsrstrust.org

# ਅਨਹਦ ਸ਼ਬਦ–ਦਸਮ ਦੁਆਰ

## ਦਸਮ ਦੁਆਰ ਅਤੇ ਅਨਹਦ ਸ਼ਬਦ ਬਾਰੇ ਅਮੰਨਾ–

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥ (੪॥੨੫॥੩੬॥)
[ਰਾਮਕਲੀ ਮ: ੫, ਪੰਨਾ ੮੯੪

ਧੁਰੋਂ ਪਠਾਏ ਸੰਤ-ਸਤਿਗੁਰਾਂ ਨੇ ਜੋ ਕੁਝ ਧੁਰੋਂ-ਧੁਰਾਈ ਬਾਣੀ ਦੁਆਰਾ ਉਚਾਰਿਆ ਹੈ ਸੋ ਤੱਤ ਵਾਸਤਵ ਸਾਖੀ ਭਰੀ ਹੈ, ਉਸ ਵਿਚ ਰੰਚਕ ਭੀ ਸੰਸਾ-ਸੰਦੇਹ ਨਹੀਂ। ਗੁਰਬਾਣੀ ਦੇ ਸ਼ਰਧਾਲੂ ਜਗਿਆਸੂਆਂ ਨੂੰ ਗੁਰਬਾਣੀ ਵਿਚ ਨਿਰੂਪਨ ਕੀਤੇ ਗਏ ਸਮੱਗਰ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਣ ਅਤੇ ਕਮਾਵਣ ਦੀ ਅਥਾਹ ਸ਼ਰਧਾ ਹੁੰਦੀ ਹੈ। ਅਜਿਹੀ ਸ਼ਰਧਾ ਵਿਚ ਸ਼ਰਧੰਤ ਹੋ ਕੇ ਨਾਮ ਅਭਿਆਸ ਦੀ ਸਫਲ ਕਮਾਈਆਂ ਵਾਲੀ ਘਾਲਣਾ ਘਾਲਣਹਾਰੇ ਸ਼ਰਧਾਲੂ ਜਨਾਂ ਨੂੰ ਹੀ ਦਸਮ ਦੁਆਰ-ਗੰਮਤਾ ਪ੍ਰਾਪਤ ਹੁੰਦੀ ਹੈ ਅਤੇ ਅਵੱਸ਼ ਹੁੰਦੀ ਹੈ।

## ਦਸਮ ਦੁਆਰ ਖੁਲ੍ਹਣ ਦੀ ਮੁਢਲੀ ਸ਼ਰਤ—

ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥...੪॥
ਆਸਾ ਮ: ੩ ਛੰਤ, ਪੰਨਾ ੪੪੦

ਦਸਮ ਦੁਆਰ ਦੀ ਅਨਹਦ ਸ਼ਬਦੀ ਖੇਡ ਕੇਵਲ ਗੁਰੂ ਘਰ ਅੰਦਰ ਹੀ ਵਰਤਦੀ ਹੈ ਤੇ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਵਰਤਦੀ ਹੈ। ਪੂਰਨ ਗੁਰੂ-ਆਸ਼ੇ ਅਨੁਸਾਰ ਗੁਰਮਤਿ ਧਾਰਨ ਕੀਤਿਆਂ


bsrstrust.org

ਦੇ ਬਿਸਮਾਦੀ ਸੁਆਦ ਵਿਚ ਲੀਨ ਹੋ ਕੇ ਅਭਿਆਸੀ ਦੀ ਸੁਰਤੀ ਉਪਰਲੀਆਂ ਅਟਾਰੀਆਂ ਵਿਚ ਜਾ ਖੇਡਦੀ ਹੈ। ਇਸ ਅਵਸਥਾ ਤੇ ਪਹੁੰਚ ਕੇ ਰਸਨਾ ਦੁਆਰਾ ਅੰਮ੍ਰਿਤ ਭੋਜਨ ਭੁੰਚੀਂਦਾ ਰਹਿੰਦਾ ਹੈ ਅਤੇ ਕੰਨਾਂ ਦੁਆਰਾ ਅਸਚਰਜ ਸੁਆਦ ਵਾਲੀ ਸਹਿਜ ਧੁਨੀ, ਅੰਮ੍ਰਿਤ ਦੀ ਧੁਨਕਾਰ ਵਾਲੀ ਅਨਹਦ ਧੁਨੀ ਸੁਣੀਂਦੀ ਰਹਿੰਦੀ ਹੈ।

ਗੁਰ ਸ਼ਬਦ (ਗੁਰ ਮੰਤਰ) ਦੇ ਰਸਨ ਰਸਨਾਟੇ, ਅਜਪਾ ਜਾਪ ਦੇ ਪਵਨ ਫੁਰਾਟੇ, ਉਰਧ-ਮੁਖੀ (ਪੁੱਠੇ) ਨਾਭ ਕਮਲ ਨੂੰ ਸਿੱਧਾ ਕਰ ਕੇ, ਵਿਚ ਜੋਤਿ-ਰਸ ਰਸਾਇ ਕੇ ਖਿੜਾ ਦਿੰਦੇ ਹਨ। ਸੁਆਸਾਂ ਅੰਦਰ ਜੋਤਿ-ਜੀਵਨੀ ਰਸ-ਧ੍ਰਾਪੀ ਬਿਜਲੀ ਪੈਦਾ ਹੋ ਜਾਂਦੀ ਹੈ, ਜਿਸ ਦਾ (ਬਿਸਮਾਦੀ) ਸੁਆਦ ਸੁਆਸਾਂ ਨੂੰ ਨਾਭੀ ਅੰਦਰ ਨੱਪੀ ਰਖਦਾ ਹੈ ਅਤੇ ਅਭਿਆਸੀ ਜਨ ਦੀ ਸੁਰਤੀ ਗਗਨ-ਮੰਡਲਾਂ ਵਿਚ ਖੁਲ੍ਹੀਆਂ ਤਾਰੀਆਂ ਤੇ ਉਚੇਰੀਆਂ ਜੋਤਿ-ਅਨੰਦੀ ਉਡਾਰੀਆਂ ਲਾਉਂਦੀ ਰਹਿੰਦੀ ਹੈ। ਗੁਰਵਾਕ—

ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥੬੫॥

[ਸਿਧ ਗੋਸਟਿ, ਪੰਨਾ ੯੪੫

ਇਹ ਅਵਸਥਾ ਦਸੀ ਨਹੀਂ ਜਾ ਸਕਦੀ। ਸ਼ਬਦ ਦਾ ਪਰਚਾ ਪਾ ਕੇ ਹਰ ਕੋਈ ਇਸ ਨੂੰ ਮਾਣ ਸਕਦਾ ਹੈ। ਅਭਿਆਸੀ ਜਨ ਨੂੰ ਹਠ ਜੋਗ ਵਾਲੇ ਜੋਗੀਆਂ ਵਾਲੀ ਕੋਈ ਬਿਪਤ-ਬਿਖਮਤਾ (ਕਠਨਾਈ) ਪੇਸ਼ ਨਹੀਂ ਆਉਂਦੀ। ਇਕਾਗਰ ਚਿਤ ਹੋ ਕੇ ਨਾਮ ਸਿਮਰਨ ਦੀ ਅਤੁਟ ਕਮਾਈ ਦੁਆਰਾ ਸਾਰੀ ਖੇਡ ਸਹਿਜੇ ਹੀ ਅਤੇ ਸੁਖੈਨ ਹੀ ਵਰਤ ਜਾਂਦੀ ਹੈ।

ਸਰੀਰ ਰੂਪੀ ਸਮੁੰਦਰ-ਮਟਕੇ ਵਿਚ ਨਾਮ ਅਭਿਆਸ ਰੂਪੀ ਮਧਾਣੀ ਫੇਰ ਕੇ, ਜਦੋਂ ਤਤ-ਮੱਖਣ ਕਢ ਕੇ ਦੇਖਿਆ ਤਾਂ ਇਸ ਅਨੂਪਮ ਗੱਲ ਦਾ ਨਿਤਾਰਾ ਹੋਇਆ ਕਿ ਗੁਰੂ ਅਤੇ ਗੋਬਿੰਦ (ਅਕਾਲ ਪੁਰਖ) ਦੀ ਅਰੂਪ (ਰੂਪ-ਰਹਿਤ) ਸਰੂਪੀ ਜੋਤਿ-ਆਭਾ ਇਕੋ ਹੈ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰੁ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥ [ਆਸਾ ਮ: ੪, ਪੰਨਾ ੪੪੨



bsrstrust.org

ਇੰਜ ਪਿਰੀ ਪ੍ਰੀਤਮ ਵਾਹਿਗੁਰੂ ਦਾ ਸਨਮੁਖੀ ਦਰਸ਼ਨ ਦੀਦਾਰ ਅਤੇ ਅੰਕ ਅੰਕ ਮੇਲੀਆ ਮਿਲਾਪ ਇਸ ਅਵਸਥਾ ਤੇ ਪੁਜਿਆਂ ਹੋ ਜਾਂਦਾ ਹੈ।

## ਅਨਹਦ ਸ਼ਬਦ ਸੁੰਨ ਬਿਵਸਥਾ–

ਨਿਰਤਰ ਸਾਸ ਗਿਰਾਸ ਸ਼ਬਦ ਅਭਿਆਸ ਦੀ ਬਰਕਤ ਨਾਲ ਬਜਰ ਕਪਾਟ ਖੁਲ੍ਹ ਕੇ ਦਸਮ ਦੁਆਰ ਦਾ ਉਘਾੜ ਹੋ ਜਾਂਦਾ ਹੈ ਤੇ ਆਪਣੇ ਅਸਲ ਘਰ ਤੋਂ ਘੁਥਾ ਹੋਇਆ ਆਤਮਾ ਨਿਜ ਘਰ ਵਿਚ ਆਸਣ ਆ ਜਮਾਂਦਾ ਹੈ ਅਤੇ ਅਨਭਉ ਪੁਰਖ ਦੇ ਸਨਮੁਖ ਦੀਦਾਰ ਕਰ ਕੇ ਤ੍ਰਿਪਤ ਅਘਾਇ ਰਹਿੰਦਾ ਹੈ।

ਅਨਹਦੁ ਵਾਜੈ ਸਹਜਿ ਸੁਹੇਲਾ ॥ ਸਬਦਿ ਅਨੰਦ ਕਰੇ ਸਦ ਕੇਲਾ ॥
ਸਹਜ ਗੁਫਾ ਮਹਿ ਤਾੜੀ ਲਾਈ,ਆਸਣੁ ਊਚ ਸਵਾਰਿਆ ਜੀਉ ॥੧॥
ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ ॥
ਜੋ ਲੋੜੀਦਾ ਸੋਈ ਪਾਇਆ ॥
ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ
ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥

(ਮਾਝ ਮ: ੫, ਪੰਨਾ ੯੭

ਉਪ੍ਰੋਕਤ ਗੁਰਵਾਕ ਅੰਦਰ ਗੁਰੂ ਪਾਤਸ਼ਾਹ ਸਾਖ ਭਰਦੇ ਹਨ ਕਿ ਗੁਰਮਤਿ ਨਾਮ ਦੀਆਂ ਬਰਕਤਾਂ ਦਾ ਸਦਕਾ ਇਹ ਪਾਰਸ ਕਲਾ ਵਰਤਦੀ ਹੈ ਕਿ–

(ੳ) ਅਨਹਦੁ ਵਾਜੈ ਸਹਜਿ ਸੁਹੇਲਾ
(ਅ) ਸ਼ਬਦਿ ਅਨੰਦ ਕਰੇ ਸਦ ਕੇਲਾ
(ੲ) ਸਹਜ ਗੁਫ਼ਾ ਮਹਿ ਤਾੜੀ ਲਾਈ
(ਸ) ਆਸਣੁ ਊਚ ਸਵਾਰਿਆ ਜੀਉ
(ਹ) ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ
(ਕ) ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ।



bsrstrust.org

ਗੁਰਮਤਿ ਅਨੁਸਾਰ ਅਨਹਦ ਸੁੰਨ ਅਵਸਥਾ ਕੋਈ ਬੇਜਾਨ ਤੇ ਬੇ-ਹਿਸ ਜੀਵਨ, ਖ਼ਾਲੀ ਸੁੰਨ ਪੁਲਾੜ ਨਹੀਂ, ਸਗੋਂ ਇਹ ਐਸੀ ਅਲੋਕਿਕ ਤੇ ਰਸ-ਪੂਰਤ ਉਚੀ ਆਤਮਿਕ ਅਵਸਥਾ ਹੈ ਜਿਥੇ ਅਨੰਦ ਮੰਗਲ ਵਾਲੀਆਂ ਕੀਰਤਨ-ਧੁੰਨੀਆਂ ਦੇ ਅਨਹਦ ਅਖਾੜੇ ਜੁੜੇ ਰਹਿੰਦੇ ਹਨ, ਜਿਨ੍ਹਾਂ ਤੋਂ ਛਿਨ ਭਰ ਵੀ ਸੁਰਤੀ ਬਿਸਰਜਿਤ ਨਹੀਂ ਹੁੰਦੀ। ਬੇ-ਹਦ ਸਮੇਂ ਲਈ ਅਫੁਰ ਦਸ਼ਾ ਬਣੀ ਰਹਿੰਦੀ ਹੈ। ਗੁਰਵਾਕ :—

ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ਜਿਸ ਤੇ ਉਪਜੇ ਤਿਸ ਹੀ ਜੈਸੇ ॥੫੨॥

[ਸਿਧ ਗੋਸਟਿ, ਪੰਨਾ ੯੪੩

ਇਸ ਅਵਸਥਾ ਵਿਚ ਅੱਪੜ ਕੇ ਦਸਮ ਦੁਆਰ ਤੋਂ ਅੰਮ੍ਰਿਤ-ਰਸ ਦੀ ਮੂਸਲਾਧਾਰ ਬਰਖਾ ਅਜਿਹੀ ਜ਼ੋਰਦਾਰ ਹੁੰਦੀ ਹੈ ਕਿ ਅਭਿਆਸੀ ਜਨ ਦੇ ਨੌਂ ਦੁਆਰ ਭੀ ਅੰਮ੍ਰਿਤ-ਰਸ ਨਾਲ ਸਰਸ਼ਾਰ ਹੋ, ਅਮਿਉ ਸਰੋਵਰ ਹੀ ਬਣ ਜਾਂਦੇ ਹਨ। ਇਥੇ ਅਤਿ-ਲਤੀਫ਼ ਧੁਨੀਆਂ ਵਾਲੇ ਅਗੰਮੀ ਅਨਹਦ ਵਾਜੇ ਆ-ਮੁਹਾਰੇ ਆ ਵਜਦੇ ਹਨ। ਇਹਨਾਂ ਸੱਚੇ ਰੰਗਾਂ ਵਿਚ ਰੰਗੀਜ ਕੇ ਗੁਰਮੁਖ ਜਨ ਵਾਹਿਗੁਰੂ ਦੇ ਦਰਸ਼ਨਾਂ ਨੂੰ ਹਾਜ਼ਰ ਨਾਜ਼ਰ ਦੇਖ ਕੇ ਮਗਨ ਅਨੰਦ ਹੋਏ ਰਹਿੰਦੇ ਹਨ।

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ...੬੫॥

[ਸਿਧ ਗੋਸਟਿ, ਪੰਨਾ ੯੪੫

## ਦਸਮ ਦੁਆਰ ਪਰਗਾਸਨੀ ਜੁਗਤੀ—

ਬਾਰੰਬਾਰ ਰਸਨਾ ਦੁਆਰਾ ਗੁਰਮੰਤਰ ਰਟਨ ਦੀ ਕਮਾਈ ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਹੀ ਪ੍ਰਤੀਤ ਹੁੰਦੀ ਹੈ, ਪਰ ਜਦੋਂ ਜ਼ੋਰੋ ਜ਼ੋਰ ਬੈਖਰੀ ਗੁਰਾਣ ਦੁਆਰਾ "ਵਾਹਿਗੁਰੂ" ਗੁਰ-ਸ਼ਬਦ ਦਾ ਕੱਸਵਾਂ ਅੰਕਸ ਪੈਂਦਾ ਹੈ ਤਾਂ ਰਸਨਾ ਦੀ ਨੋਕ ਤੋਂ ਰਸਨਾਟੀ ਗੁਰ-ਰਾਣੀ ਪਵਨ ਰਸ-



bsrstrust.org

ਝਕੋਲੜੀ ਹੋਇ ਕੇ ਅੰਤਰਗਤਿ ਨਾਭੀ ਵਿਚ ਜਾ ਪ੍ਰਵੇਸ਼ ਕਰਦੀ ਹੈ ਅਤੇ ਰਸ-ਗੀਧੀ ਹੋ ਕੇ ਰਸ-ਅਧਾਰੀ ਅਟਕ ਵਿਚ ਅਟਕ ਜਾਂਦਾ ਹੈ। ਹਿਰਦੇ-ਨਾਭੀ ਅੰਦਰ ਗੁਰ-ਸ਼ਬਦ ਦੀ ਰਸ-ਪਵਨ ਦਾ ਵਿਧਾ ਹੋਇਆ ਮਨ ਹਿਰਦੇ-ਨਾਭੀ ਅੰਦਰ ਆਸਣ ਜਮਾ ਕੇ ਬੈਠ ਜਾਂਦਾ ਹੈ ਤੇ ਰਸ-ਪ੍ਰਾਇਣ ਹੋਇਆ ਵਿਆ ਵਸ ਵਿਚ ਆਇਆ ਰਹਿੰਦਾ ਹੈ।

ਫਿਰ ਇਹ ਰਸ-ਗੀਧਾ, ਰਸ-ਬੀਧਾ ਮਨੂਆ ਸੁਰਤੇ ਪੁਰਖ ਦੀ ਸੁਰਤੀ ਨਾਲ, ਨਾਭੀ ਤੋਂ ਗਗਨ-ਮੰਡਲ (ਦਸਮ ਦੁਆਰ) ਨੂੰ ਚੜ੍ਹਨਾ ਅਰੰਭ ਹੋ ਜਾਂਦਾ ਹੈ। ਸੁਆਸ ਨਾਭੀ ਅੰਦਰ ਹੀ ਦਬੇ ਰਹਿੰਦੇ ਹਨ। ਰਸ ਰਸਾਲ ਹੋ ਕੇ ਸੁਰਤੀ ਸੁਖੈਨ ਹੀ ਦਸਮ ਦੁਆਰ ਵਿਖੇ ਜਾ ਚੜ੍ਹਦੀ ਹੈ। ਬਸ ਇਥੇ ਹੀ–

ਦਸਵੈ ਦੁਆਰਿ ਕੁੰਚੀ ਜਬ ਦੀਜੈ ॥
ਤਉ ਦਇਆਲ ਕੋ ਦਰਸਨੁ ਕੀਜੈ ॥੨੪॥

[ਗਉੜੀ ਕਬੀਰ ਜੀ, ਬਾਵਨ ਅਖਰੀ, ੩੪੧

## ਮਿਲਾਪ–ਪੂਰਨ ਸੰਜੋਗ–

ਸੱਚਾ ਅਨੰਦ ਮਹਾਂ-ਮੰਗਲ, ਵਾਹਿਗੁਰੂ ਦੇ ਵਸਲ (ਮਿਲਾਪ) ਦਾ ਹੈ। ਹੇਠ ਲਿਖੇ ਗੁਰਵਾਕ ਇਸ ਆਤਮ-ਮਿਲਾਪ ਦੀ ਦਸ਼ਾ ਨਿਰੂਪਨ ਕਰਦੇ ਹਨ–

(੧) ਅਨਹਤ ਵਾਜੇ ਵਜਹਿ ਘਰ ਮਹਿ
ਪਿਰ ਸੰਗਿ ਸੇਜ ਵਿਛਾਈ ॥
ਬਿਨਵੰਤਿ ਨਾਨਕੁ ਸਹਜਿ ਰਹੈ
ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥

[ਗਉੜੀ ਛੰਤ ਮ: ੫, ਪੰਨਾ ੨੪੭

(੨) ਆਸਾ ਮਨਸਾ ਸਗਲ ਪੂਰੀ
ਪ੍ਰਿਅ ਅੰਕਿ ਅੰਕੁ ਮਿਲਾਈ ॥



bsrstrust.org

ਬਿਨਵੰਤਿ ਨਾਨਕੁ ਸੁਖ ਸੁਖੇਦੀ
ਸਾ ਮੈ ਗੁਰ ਮਿਲਿ ਪਾਈ ॥੪॥੧॥
[ਜੈਤਸਰੀ ਮ: ੫ ਛੰਤ, ਪੰਨਾ ੭੦੪

ਇਹ ਮਿਲਾਪ ਦੀ ਅਨੰਦ-ਮਈ ਅਵਸਥਾ ਸਦੀਵੀ ਰਹਿੰਦੀ ਹੈ। ਇਥੇ ਪੁਜ ਕੇ ਫਿਰ ਵਿਛੋੜੇ ਦਾ ਕੋਈ ਤੌਖਲਾ ਨਹੀਂ ਰਹਿੰਦਾ।

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤ ਭਲੀ ਭਗਵੰਤੈ ॥੧॥
(ਗਉੜੀ ਛੰਤ ਮ: ੫, ਪੰਨਾ ੨੪੯

## ਮੁਕਤੀ–

ਜੋਤਿ-ਨਿਰੰਜਨੀ ਜਾਗ ਵਿਚ ਸੁਜਾਗੇ ਗੁਰਮੁਖ ਪਰਮ ਹੰਸਲੇ ਜਨ, ਜੋਤਿ ਅਪਾਰ ਦੇ ਦਰਸ ਦੀਦਾਰ ਕਰਦੇ ਹੋਇ, ਨਾਮ-ਅਹਾਰ ਦੇ ਚੋਗ-ਚੋਗਾਰੀ, ਏਕੰਕਾਰ ਵਾਹਿਗੁਰੂ ਦੇ ਸਾਕਸ਼ਾਤਕਾਰੀ, ਚਰਨ ਕਮਲ ਮੌਜਾਰੀ ਹੁੰਦੇ ਹੋਇ ਜੀਵਨ-ਮੁਕਤ ਹੋ ਜਾਂਦੇ ਹਨ। ਸੰਸਾਰ ਵਿਚ ਰਹਿੰਦੇ ਹੋਇ, ਜਲ-ਕਮਲ ਵਾਂਗ ਸੰਸਾਰ ਤੋਂ ਨਿਰਾਲਮ ਰਹਿੰਦੇ ਹੋਏ ਨਾਮ ਵਾਪਾਰ, ਨਾਮ-ਅਹਾਰ ਦੇ ਅਹਾਰ ਵਿਚ ਨਿਮਗਨ ਰਹਿੰਦੇ ਹਨ। ਕੋਈ ਮਾਇਕ ਫੁਰਨਾ ਕੁਫੁਰਨਾ, ਚਸਕਾ ਕੁਚਸਕਾ ਉਹਨਾਂ ਦੇ ਮਨ ਵਿਚ ਨਹੀਂ ਉਪਜਦਾ, ਬਸ ਨਾਮ-ਰਸ ਵਿਚ ਹੀ ਲਿਵਲੀਨ ਰਹਿੰਦੇ ਹਨ।

## ਪੰਚ ਸ਼ਬਦ (ਸ੍ਰੇਸ਼ਟ ਸ਼ਬਦ)–

ਗੁਰਮਤਿ ਅੰਦਰ ਗਿਣਤੀ ਦੇ ਪੰਜ ਬਜੰਤਰੀ ਬਾਜਿਆਂ ਦੀ ਧੁਨੀ ਤੋਂ ਉਤਪੰਨ ਹੋਈਆਂ ਪੰਜ ਸ਼ਬਦ ਧੁਨੀਆਂ (ਅਵਾਜ਼ਾਂ) ਦਾ ਵਿਧਾਨ ਨਹੀਂ। ਇਹਨਾ ਪੰਜ ਬਾਜਿਆਂ ਤੋਂ ਵਖਰੇ ਤੇ ਸ੍ਰੇਸ਼ਟ ਜੋ ਦਿਬਲਤਾਫ਼ਤੀ ਅਲੌਕਿਕ ਕੀਰਤਨ ਦਿਬ-ਧੁਨੀਆਂ ਵਾਲੇ ਸ਼ਬਦ ਹਨ, ਸੋਈ ਗੁਰਮਤਿ ਦਸਮ ਦੁਆਰੀ ਪੰਚ ਸ਼ਬਦ ਹਨ। ਪੰਚ ਤੋਂ ਭਾਵ "ਸ੍ਰੇਸ਼ਟ ਦਿਬ-ਸ੍ਰਿਸ਼ਟੇਸ਼ਟ ਗੁਰਮਤਿ ਕੀਰਤਨ ਧੁਨੇਸ਼ਟ ਸ਼ਬਦ" ਹੈ, ਜੋ ਬਿਨ ਬਜਾਏ ਬਜਦੇ ਹਨ।



bsrstrust.org

ਸਚਖੰਡੀ ਅਨਹਦ ਅਖਾੜਿਆਂ ਦੀਆਂ ਕੀਰਤਨ-ਧੁਨੀਆਂ ਜੇਹੀਆਂ ਦਸਮ ਦੁਆਰ ਖੁਲ੍ਹਣ ਪੁਰ ਇਸ ਸੰਸਾਰ ਵਿਚ ਹੁੰਦੀਆਂ ਸੁਣੀਦੀਆਂ ਹਨ, ਤੇਹੀਆਂ ਹੀ ਕਰਮ-ਖੰਡ ਤੇ ਸਚਖੰਡ ਵਿਚ ਪਹੁੰਚਿਆਂ ਭੀ ਦਿਬ-ਸਰੋਤੀ-ਸਰਵਣਾਂ ਦੁਆਰਾ ਸੁਣੀਦੀਆਂ ਹਨ। ਇਹ ਪੰਜ ਭੂਤਕ ਕੰਨਾਂ ਦਾ ਵਿਸ਼ਾ ਨਹੀਂ।

## ਗੁਰਮਤਿ ਅਨਹਦ ਸ਼ਬਦ
## ਅਤੇ
## ਜੋਗੀਆਂ ਦਾ ਅਨਹਦ ਸ਼ਬਦ—

ਧੁਰ ਕੀ ਬਾਣੀ ਦਾ ਅਖੰਡ ਕੀਰਤਨ ਨਾਮ ਲਿਵਤਾਰੀਆਂ ਦੀ ਸੁਰਤੀ ਬਿਰਤੀ ਨੂੰ ਹਰ ਦਮ ਅਨਹਦ ਧੁਨੀਆਂ ਸੁਣਨ ਲਈ ਅਖੰਡਾਕਾਰ ਰਖਦਾ ਹੈ। ਗੁਰਮਤਿ ਅਨੁਸਾਰ ਅਨਹਦ ਸ਼ਬਦ, ਅਖੰਡ ਕੀਰਤਨ ਦੀਆਂ ਅਨਾਹਤ ਧੁਨੀਆਂ ਦੀਆਂ ਝੁਨਕਾਰਾਂ ਸੁਣੀਦੀਆਂ ਹਨ; ਨਿਰੀਆਂ ਅਵਾਜ਼ਾਂ ਨਹੀਂ। ਅਨਮਤ ਵਾਲੇ ਜੋਗੀਆਂ ਦਾ ਜੋਗ ਕੇਵਲ ਅਵਾਜ਼ਾਂ ਦੀ ਸੁਣਾਈ ਤਕ ਹੀ ਸੀਮਤ ਹੈ।

ਰਾਧਾ ਸੁਆਮੀਆਂ ਦੀ ਘੂੰ ਘੂੰ ਤੋਂ ਤਾਂ ਇਹ ਹਠ-ਜੋਗੜੀਆਂ ਅਨਹਦ ਅਵਾਜ਼ਾਂ ਬਹੁਤ ਉਚੇਰੀਆਂ ਹਨ, ਪ੍ਰੰਤੂ ਗੁਰਮਤਿ ਮਾਰਗ ਅੰਦਰ ਇਹ ਬਹੁਤ ਨਿਚਲੀਆਂ ਹਨ ਅਤੇ ਦਸਮ ਦੁਆਰ ਖੁਲ੍ਹਣ ਤੋਂ ਪਹਿਲਾਂ ਹੀ ਸੁਣੀਆਂ ਜਾ ਸਕਦੀਆਂ ਹਨ। ਅਨਹਦ ਸ਼ਬਦ-ਲਿਵਤਾਰੀ ਅਤੇ ਰਸਕ ਰੀਸਾਲੂ ਰੰਗੀਸ਼ਰ ਗੁਰਮੁਖਾਂ ਨੂੰ ਇਹ ਅਵਾਜ਼ਾਂ ਫੋਕੀਆਂ ਲਗਦੀਆਂ ਹਨ।

## ਇਕ ਹੱਡ-ਬੀਤੀ ਵਾਰਤਾ—

ਇਕ ਵਾਰ ਦਾ ਜ਼ਿਕਰ ਹੈ ਕਿ ਦਾਸ‡ ਦੇ ਇਕ ਗੁਰਸਿਖ ਮਿਤਰ ਨੇ ਦਸਿਆ ਕਿ ਉਸ ਨੂੰ ਅਨਹਦ ਸ਼ਬਦ ਸੁਣਦੇ ਹਨ। ਮੈਥੋਂ ਉਹ ਸਜਣ ਆਪਣੇ ਅੰਦਰਲੀ ਘਟਨਾ ਦੀ ਤਸਦੀਕ ਕਰਵਾਉਣੀ ਚਾਹੁੰਦਾ ਸੀ। ਪੁਛਣ ਤੇ ਉਸ ਨੇ ਦਸਿਆ ਕਿ ਬੰਸਰੀ ਦੀ ਸੁਰੀਲੀ ਅਵਾਜ਼ ਸਪੱਸ਼ਟ ਸੁਣਾਈ ਦਿੰਦੀ ਹੈ। ਕਦੇ ਕਦੇ ਘੰਟਾ ਬਜਦਾ ਭੀ ਸੁਣੀਦਾ ਹੈ। ਛੈਣਿਆਂ

‡ਭਾ: ਸਾ: ਭਾ: ਰਣਧੀਰ ਸਿੰਘ ਜੀ



bsrstrust.org

ਅਤੇ ਸੰਖ ਦੀ ਅਵਾਜ਼ ਅਜੇ ਸੁਣਾਈ ਨਹੀਂ ਦਿੰਦੀ। ਬਦਲ ਦੀ ਘਨਘੋਰ ਦਾ ਕਦੀ ਝਾਉਲਾ ਪੈਂਦਾ ਹੈ, ਪਰ ਸਪੱਸ਼ਟ ਨਹੀਂ।

ਹੋਰ ਘੋਖ ਕਰਨ ਤੇ ਪਤਾ ਲਗਾ ਕਿ ਉਹ ਮੈਸਮਰੇਜ਼ਮ ਦੀਆਂ ਕਿਤਾਬਾਂ ਪੜ੍ਹਦਾ ਰਿਹਾ ਹੈ ਅਤੇ ਉਹਨਾਂ ਅਨੁਸਾਰ ਹੀ ਯੋਗ ਸਾਧਨ ਕਰਦਾ ਹੈ। ਨਾਮ ਬਾਣੀ ਦਾ ਅਭਿਆਸ ਕਰਦਿਆਂ ਉਹ ਆਪਣੇ ਸਾਮ੍ਹਣੇ ਰਖੇ ਗਤੇ ਤੇ ਲਾਏ ਹੋਏ ਕਾਲੇ ਬਿੰਦੂ ਉਤੇ ਨਿਗਾਹ ਜਮਾਉਂਦਾ ਹੈ, ਅਤੇ ਇਹ ਅਵਾਜ਼ਾਂ ਸੁਣਨ ਦੀ ਚਾਹਨਾ ਰਖਦਾ ਹੈ।

ਹੋਰ ਪੁਛਣ ਤੇ ਪਤਾ ਲਗਾ ਕਿ ਉਸ ਨੂੰ ਅਜੇ ਨਾਮ ਦਾ ਰਸ ਨਹੀਂ ਆਇਆ ਤੇ ਨਾ ਹੀ ਉਸ ਦੇ ਅੰਦਰ ਜੋਤਿ ਪ੍ਰਕਾਸ਼ ਦੀ ਕ੍ਰਿਰਨ ਆਈ ਹੈ। ਇਸ ਤੋਂ ਦਾਸ ਨੂੰ ਇਹ ਪ੍ਰਤੀਤ ਹੋ ਗਈ ਕਿ ਜੋ ਕੁਝ ਉਸ ਸਜਣ ਨੂੰ ਸੁਣੀਦਾ ਹੈ, ਉਹ ਗੁਰਮਤਿ ਅਨਹਦ ਸ਼ਬਦ ਨਹੀਂ।

ਉਸ ਸਜਣ ਦੇ ਕਥਨ ਨੂੰ ਅਖਰ ਅਖਰ ਸੱਚ ਜਾਣ ਕੇ ਦਾਸ ਨੇ ਉਸ ਦਿਨ, ਰਾਤ ਸਮੇਂ ਹਿਰਦੇ ਦੀ ਰਸ ਜੋਤਿ ਵਿਗਾਸ ਵਾਲੀ ਬਿਰਤੀ ਉਖੇੜ ਕੇ ਜਦੋਂ ਉਪਰ ਨੂੰ ਸੁਰਤੀ ਚੜ੍ਹਾ ਕੇ ਰੰਚਕ ਮਾਤਰ ਓਪਰਾ ਜਿਹਾ ਧਿਆਨ ਮਾਰਿਆ ਤਾਂ ਕੀ ਸੁਣਦਾ ਹਾਂ ਕਿ ਸੱਚ ਮੁੱਚ ਉਹੋ ਜਿਹੇ ਅਵਾਜ਼ਾਂ ਅਡੋ ਅਡੀ ਨਿਖਰਵੀਂ ਅਵਾਜ਼ ਵਿਚ ਗੂੰਜ ਰਹੀਆਂ ਹਨ। ਇਹਨਾਂ ਅਵਾਜ਼ਾਂ ਵਿਚ ਰਿਦੇ ਵਿਗਾਸ ਵਾਲੇ ਰਸ ਦੇ ਮੁਕਾਬਲੇ ਵਿਚ ਸੌਵਾਂ ਹਿੱਸਾ ਰਸ ਭੀ ਨਹੀਂ। ਮੇਰੀ ਅਜ ਤਾਈਂ ਏਧਰ ਸੁਰਤੀ ਹੀ ਨਹੀਂ ਗਈ ਸੀ। ਪਤਾ ਨਹੀਂ ਕਦੋਂ ਦੇ ਬਜਦੇ ਹੋਣਗੇ ਇਹ ਬਾਜੇ, ਪਏ ਬਜਣ। ਇਹਨਾਂ ਦਾ ਖਹਿੜਾ ਛਡ ਕੇ ਓਦੋਂ ਹੀ ਉਸ ਸਜਣ ਵਲ ਗਿਆ ਤੇ ਉਸ ਨੂੰ ਇਹ ਸਾਰਾ ਹਾਲ ਦਸ ਕੇ ਇਹ ਗੱਲ ਬੜੀ ਮਜ਼ਬੂਤੀ ਨਾਲ ਨਿਰੂਪਨ ਕਰ ਦਿਤੀ ਕਿ ਬਾਹਰਮੁਖੀ ਬਿਰਤੀ ਲਾਉਣ ਵਾਲਾ ਸੌਦਾ ਗੁਰਮਤਿ-ਅਭਿਆਸੀਆਂ ਲਈ ਸ਼ੋਭਨੀਕ ਨਹੀਂ।

ਕੀਰਤਨ ਦੇ ਪ੍ਰੇਮੀ ਗੁਰਮੁਖ ਜਨ ਸਿਰਫ਼ ਬਾਜਿਆਂ ਗਾਜਿਆਂ ਤੇ ਨਹੀਂ ਪਤੀਜਦੇ। ਜਿਨ੍ਹਾਂ ਦੀ ਆਤਮ-ਅਧਾਰੀ-ਖ਼ੁਰਾਕ ਕੇਵਲ ਕੀਰਤਨ-ਨਾਮ ਦੀ ਧੁਨਕਾਰ ਹੈ, ਉਹ ਦਸਮ ਦੁਆਰਿਓਂ, ਅਗਮ ਪੁਰਿਓਂ ਭੀ



bsrstrust.org

ਕੀਰਤਨ ਦੀਆਂ ਅਨਹਦ ਧੁਨੀਆਂ ਸੁਣ ਕੇ ਹੀ ਮਸਤ ਹੁੰਦੇ ਹਨ। ਐਰੇ ਗੈਰੇ ਬਜੰਤਰੀ ਬਾਜਿਆਂ ਦੀਆਂ ਧੁਨੀਆਂ ਉਹਨਾਂ ਨੂੰ ਨਾ ਹਿਤ ਚਿਤਾਉਂ-ਦੀਆਂ ਹਨ ਤੇ ਨਾ ਹੀ ਸੁਖਾਉਂਦੀਆਂ ਹਨ।

ਗੁਰਮਤਿ ਸਹਿਜ-ਜੋਗ ਅਤੇ ਅਨਮਤ ਹਠ-ਜੋਗ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਹਠ-ਜੋਗ ਦੁਆਹਾ ਤਾਂ ਨਾੜੀਆਂ ਦੇ, ਨਿਉਲੀ ਕਰਮ, ਨੇਤੀ, ਧੋਤੀ ਆਦਿ ਦੇ ਤੰਦਣ-ਤਾਣੇ ਵਿਚ ਹੀ ਉਲਝਿਆ ਰਹਿਣਾ ਪੈਂਦਾ ਹੈ, ਪਰ ਫਿਰ ਵੀ ਤੱਤ ਵਸਤੂ ਹਾਸਲ ਨਹੀਂ ਹੁੰਦੀ।

ਕਈ ਜੋਗੀ ਕੁੰਡਲਨੀ ਦਾ ਉਲਝਿਆ ਤਾਣਾ ਬਾਣਾ ਬੜੀਆਂ ਮੁਸ਼ਕਲਾਂ ਤੇ ਕਠਨ ਸਾਧਨਾਂ ਨਾਲ ਸੁਲਝਾ ਕੇ ਦਸਮ ਦੁਆਰ ਅਪੜਿਆ ਅਨਮਾਨ ਕਰਦੇ ਹਨ। ਕਈ ਡੰਡ-ਮੇਰ ਕਮਰੋੜ (ਰੀੜ) ਦੀ ਹੱਡੀ ਥਾਣੀਂ ਦਸਮ ਦੁਆਰ ਪੁਜਿਆ ਪ੍ਰਮਾਣਦੇ ਹਨ।

ਪਰ ਜੋਗੀਆਂ ਦਾ ਹਠ-ਜੋਗ ਨਾਲ ਪ੍ਰਾਪਤ ਕੀਤਾ ਅਨੁਮਾਨਤ ਦਸਮ ਦੁਆਰ ਕੇਵਲ ਪਉਣ ਪੁਹਾਰਾ ਹੀ ਹੈ। ਏਥੇ ਨਾ ਜੋਤਿ ਦਾ ਲਿਸ਼ਕਾਰਾ (ਝਲਕਾਰ੍ਾ) ਹੈ, ਨਾ ਰਸ-ਅੰਮ੍ਰਿਤ, ਦੀ ਕੋਈ ਪੁਹਾਰ ਪੈਂਦੀ ਹੈ। ਨਾ ਹੀ ਏਥੇ ਪੁਜ ਕੇ ਉਹਨਾਂ ਦੀ ਲਿਵ-ਤਾਰ ਜੋਤੀ ਸਰੂਪ ਕਰਤਾਰ ਨਾਲ ਲਗਦੀ ਹੈ ਅਤੇ ਨਾ ਹੀ ਅੰਤਸ਼ਕਰਣੀ ਸੰਸਕਾਰਾਂ ਦਾ ਅਭਾਵ ਹੁੰਦਾ ਹੈ।

ਗੁਰਮਤਿ ਸਹਿਜ-ਜੋਗ ਮਾਰਗ ਵਿਚ ਨਾ ਕੋਈ ਤਪਸ਼ ਹੈ ਨਾ ਤਕਲੀਫ਼, ਨਾ ਕੋਈ ਵਿੰਗ ਹੈ ਨਾ ਤੜਿੰਗ, ਨਾ ਕੋਈ ਅਟਕ ਹੈ ਨਾ ਅੜਿੰਗ। ਗੁਰਮਤਿ ਸਹਿਜ-ਜੋਗ ਦਰਸਾਏ ਦਸਮ ਦੁਆਰ ਅੰਦਰ ਜੋਤਿ ਚਮਤਕਾਰ ਅਨਹਦ ਸ਼ਬਦ ਗੁੰਜਾਰੀ ਖੇਡ ਹੈ, ਹੋਰ ਕਿਤੇ ਨਹੀਂ। ਹਠ ਜੋਗ ਅਤੇ ਗੁਰਮਤਿ ਜੋਗ ਦੇ ਫ਼ਰਕ ਨੂੰ ਸੌਖਾ ਸਮਝਣ ਲਈ ਅੰਗੀਠੀ ਦੀ ਮਿਸਾਲ ਦੇਣੀ ਠੀਕ ਹੋਵੇਗੀ। ਅੰਗੀਠੀ ਵਿਚ ਜੋ ਹੇਠਲਾ ਹਿੱਸਾ ਸੁਆਹ ਡਿਗਣ ਵਾਲਾ ਹੈ ਉਹ ਜੋਗੀਆਂ ਦੇ ਹਠ-ਜੋਗ ਵਾਲਾ ਦਸਮ ਦੁਆਰ ਹੈ। ਭਾਵ ਜੋਗੀਆਂ ਦਾ ਦਸਮ ਦੁਆਰ ਹੇਠਲਾ ਪੁਲਾੜ ਹੈ, ਜਿਸ ਵਿਚ ਬੰਸਰੀ, ਛੈਣੇ, ਬਦਲ ਦੀ ਗਰਜ, ਸੰਖ ਤੇ ਘੰਟੇ ਬਜਣ ਦੀਆਂ ਅਵਾਜ਼ਾਂ ਸੁਣੀਦੀਆਂ



bsrstrust.org

ਹਨ। ਪਰ "ਤਿਹ ਸਿਲ ਊਪਰਿ ਖਿੜਕੀ ਅਉਰ ॥ ਖਿੜਕੀ ਊਪਰਿ ਦਸਵਾ ਦੁਆਰ"† ਦੇ ਵਾਕ ਅਨੁਸਾਰ ਇਸ ਤੋਂ ਉਪਰਲੇ ਤਾਕ ਖੁਲ੍ਹਣ ਪਰ ਅਸਲੀ ਦਸਮ ਦੁਆਰ ਵਿਚ ਪੁਜੀਦਾ ਹੈ, ਜਿਥੇ ਨਾਮ ਬਾਣੀ ਦੀਆਂ ਅਨਾਹਤ ਧੁਨੀਆਂ ਸੁਣੀਦੀਆਂ ਹਨ, ਜੋ ਅਸੱਲ ਅਨਾਹਦ ਸ਼ਬਦ ਹੈ। ਇਥੇ ਜਾ ਕੇ ਪ੍ਰਮਾਤਮਾ ਦਾ ਦਰਸ-ਝਲਕਾ ਵਜਦਾ ਹੈ ਤੇ ਸਚਖੰਡ ਨਾਲ ਸੰਬੰਧ (ਕੁਨੈਕਸ਼ਨ) ਜੁੜ ਜਾਂਦਾ ਹੈ।

ਏਥੇ ਇਕ ਜੋਗੀ ਦੀ ਗਵਾਹੀ ਦਰਜ ਕਰਨੀ ਜ਼ਰੂਰੀ ਹੈ, ਜਿਸ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਤੱਤ ਵਸਤੂ ਗੁਰੂ ਘਰ ਵਿਖੇ ਹੀ ਹੈ। ਇਹ ਬਿਆਨ ਸੁਆਮੀ ਨਿਤਿਆ ਨੰਦ ਰਿਖੀਕੇਸ਼ ਵਾਲੇ ਦਾ ੧੯੩੭ ਦੇ ਫ਼ਰਵਰੀ ਮਹੀਨੇ ਦੇ ਹਫ਼ਤਾਵਾਰੀ ਅਖ਼ਬਾਰ 'ਗੁਰ ਸੇਵਕ' ਅੰਮ੍ਰਿਤਸਰ ਵਿਚ ਛਪਿਆ ਸੀ ਅਤੇ ਸੁਆਮੀ ਨਿਤਿਆ ਨੰਦ ਦੀ ਲਿਖਤ ਪੁਸਤਕ 'ਗੁਰ ਗਯਾਨ' ਦੇ ਮੁਢ ਵਿਚ 'ਅਪਨੀ ਬਾਤ' ਦੇ ਸਿਰਲੇਖ ਹੇਠ ਇਸਤਰ੍ਹਾਂ ਦਰਜ ਹੈ :

## ਆਪਨੀ ਬਾਤ

ਮੇਰਾ ਜਨਮ ਬੰਗਾਲ ਕਾ ਹੈ। ਏਕ ਜੋਗੀ ਜੀ ਹਮਾਰੇ ਨਗਰ ਮੇਂ ਕਭੀ ਕਭੀ ਆਇਆ ਕਰਤੇ ਥੇ। ਉਨ ਕਾ ਨਾਮ ਥਾ ਸ੍ਰੀ ਸੁਆਮੀ ਬ੍ਰਹਮਾ ਨੰਦ ਜੀ। ਇਨ ਕਾ ਜੀਵਨ ਰਹਸਯ-ਮਈ ਜੀਵਨ ਥਾ। ਵਾਕ ਸਤਯਾ ਪ੍ਰਾਪਤ ਥੀ, ਜੋ ਮੂੰਹ ਸੇ ਨਿਕਲਤਾ, ਤਤਕਾਲ ਹੋ ਜਾਤਾ ਥਾ।

ਮੇਰੀ ਆਯੂ ਆਜ ੧੩੫ ਸਾਲ ਸੇ ਊਪਰ ਹੈ। ਭਾਰਤ ਵਰਸ਼ ਮੇਂ ਇਨ ਜੈਸੇ ਜੋਗੀ ਬਹੁਤ ਕਮ ਦੇਖਨੇ ਮੇਂ ਆਏ ਹੈਂ। ਮੇਰੇ ਪਿਤਾ ਜੀ ਕੀ ਇਨ ਪਰ ਅਤ ਸ਼ਰਧਾ ਥੀ। ਏਕ ਦਿਨ ਯੇਹ ਹਮਾਰੇ ਘਰ ਕੇ ਦਰਵਾਜ਼ੇ ਪਰ ਆ ਖੜੇ ਹੂਏ, ਔਰ ਊਂਚੀ ਅਵਾਜ਼ ਸੇ ਕਹਾ, 'ਮੇਰੀ ਅਮਾਨਤ ਲਾਓ।' ਇਸ ਸੇ ਪਹਿਲੇ ਆਪ ਕਭੀ ਨਗਰ ਮੇਂ ਨਹੀਂ ਆਏ ਥੇ। ਉਨ ਕੋ ਦੇਖ ਕਰ ਸਾਰਾ ਪਰੀਵਾਰ ਚਕ੍ਰਿਤ ਰਹਿ ਗਿਆ। ਜੋਗੀ ਜੀ ਨੇ ਜੋ ਕੁਛ ਕਹਾ, ਉਸ ਨੇ ਔਰ ਭੀ ਵਿਸਮਿਤ ਕਰ ਦੀਆ। ਸਮਝਨੇ

---

†ਭੈਰਉ ਕਬੀਰ ਜੀ, ॥੩॥੨॥੧੦॥, ਪੰਨਾ ੧੧੫੯



bsrstrust.org

ਕੀ ਕੋਸ਼ਸ਼ ਕਰਨੇ ਪਰ ਭੀ ਪਿਤਾ ਜੀ ਨਾ ਸਮਝ ਸਕੇ ਕਿ ਜੋਗੀ ਜੀ ਕਿਆ ਮਾਂਗਤੇ ਹੈਂ । ਜੋਗੀ ਜੀ ਨੇ ਕੋਈ ਚੀਜ਼ ਕਭੀ ਦੀ ਹੀ ਨਹੀਂ ਥੀ, 'ਅਮਾਨਤ ਕੌਨ ਸੀ ਮਾਂਗਤੇ ਹੈਂ ?' ਉਨਹੋਂ ਨੇ ਦੋ ਬਾਰ ਫਿਰ ਯਹ ਕਹਾ, 'ਮੇਰੀ ਅਮਾਨਤ ਲਾਓ ।' ਪਿਤਾ ਜੀ ਨੇ ਚਰਨ ਪਕੜ ਲੀਏ ਔਰ ਕਹਾ, 'ਆਪ ਕੌਨ ਸੀ ਅਮਾਨਤ ਮਾਂਗਤੇ ਹੈਂ ?' ਜੋਗੀ ਜੀ ਘਰ ਕੇ ਅੰਦਰ ਆ ਗਏ । ਆਤੇ ਹੀ ਮੇਰੇ ਕੰਧੇ ਪਰ ਹਾਥ ਰਖ ਕਰ ਕਹਾ ਕਿ ਯਿਹ ਲੜਕਾ ਮੇਰੀ ਅਮਾਨਤ ਹੈ, ਤੁਮ੍ਹਾਰੇ ਘਰ ਰਹਿਨੇ ਕਾ ਨਹੀਂ, ਮੁਝੇ ਦੇ ਦੋ । ਹਮ ਚਾਰ ਸਹੋਦਰ ਭਾਈ ਥੇ, ਲੇਕਿਨ ਲੜਕਾ ਦੇਨਾ ਕੋਈ ਸਹਿਜ ਬਾਤ ਨ ਥੀ । ਔਰ ਜੋਗੀ ਜੀ ਕੀ ਬਾਤ ਕਾ ਉਲਟਨਾ ਭੀ ਮੁਸ਼ਕਲ ਥਾ । ਘਰ ਕੇ ਲੋਗ ਏਕ ਦੂਸਰੇ ਕੀ ਤਰਫ਼ ਦੇਖਨੇ ਲਗੇ, ਸਭ ਕੇ ਮੂੰਹ ਬੰਦ ਥੇ । ਜੋਗੀ ਜੀ ਯੇਹ ਕਹਿ ਕਰ ਕਿ 'ਮੇਰੀ ਅਮਾਨਤ ਜਲਦੀ ਮੇਰੇ ਪਾਸ ਪਹੁੰਚਾ ਦੋ', ਅਪਨੀ ਕੁਟੀਆ ਕੀ ਤਰਫ਼ ਚਲੇ ਗਏ । ਸੰਧਯਾ ਕੋ ਮੇਰੀ ਮਾਤਾ ਔਰ ਪਿਤਾ ਜੀ ਜੋਗੀ ਜੀ ਕੇ ਪਾਸ ਗਏ । ਵਹਾਂ ਕਿਆ ਬਾਤ ਚੀਤ ਹੂਈ, ਮੁਝੇ ਨਹੀਂ ਬਤਾਈ ਗਈ, ਹਾਂ ਦੂਸਰੇ ਦਿਨ ਪ੍ਰਾਤਹਕਾਲ ਮੁਝੇ ਜੋਗੀ ਜੀ ਕੀ ਕੁਟੀਆ ਮੇਂ ਪਹੁੰਚਾ ਦੀਆ ਗਿਆ । ਛੀ ਮਾਸ ਵਹਾਂ ਰਹਿਨੇ ਕੇ ਪਸਚਾਤ ਜੋਗੀ ਜੀ ਮੁਝੇ ਸਾਥ ਲੇ ਕਰ ਵਹਾਂ ਸੇ ਚਲੇ ਆਏ ।

ਜੋਗੀ ਜੀ ਸੰਸਕ੍ਰਿਤ ਕੇ ਧੁਰੰਧਰ ਵਿਦਵਾਨ ਥੇ, ਔਰ ਅਪਨੇ ਸ਼ੁਭ ਨਾਮ ਕੋ ਸਾਰਥਕ ਕਰਨੇ ਵਾਲੇ ਜੋਗੀ ਥੇ । ਸਮਝਨੇ ਕੀ ਬਾਤੇਂ ਉਨਹੋਂ ਨੇ ਮੁਝੇ ਸਮਝਾਈਂ ਔਰ ਸਿਖਾਨੇ ਕੀ ਬਾਤੇਂ ਸਿਖਾਈਂ । ਜਿਸ ਜਗ੍ਹੇ ਔਰ ਕੋਈ ਸਿਧ ਜੋਗੀ ਦੇਖਾ, ਵਹਾਂ ਠਹਿਰ ਕਰ ਮੁਝੇ ਉਨ ਸੇ ਲਾਭ ਉਠਾਨੇ ਕਾ ਅਵਸਰ ਦੀਆ । ਮਦਰਾਸ, ਬਿਹਾਰ, ਉੜੀਸਾ, ਬੰਬਈ, ਕਾਨ੍ਹਪੁਰ, ਆਗਰਾ ਔਰ ਪ੍ਰਯਾਗਰਾਜ ਵਿਚਰਤੇ, ਤੀਰਥ-ਯਾਤਰਾ ਕਰਤੇ ਪੰਜਾਬ ਮੇਂ ਆਏ । ਯਹਾਂ ਇਕ ਉਦਾਸੀਨ ਮਹਾਂ ਭਾਉ ਕੇ ਦਰਸ਼ਨ ਹੂਏ । ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ । ਉਦਾਸੀ ਜੀ ਕਾ ਨਾਮ ਸ੍ਵਾਮੀ ਸਤਯਾ ਨੰਦ ਜੀ ਥਾ । ਇਨਹੋਂ ਨੇ ਗੁਰੂ ਘਰ ਕੀ ਰੀਤੀ ਔਰ ਨੀਤੀ ਕੁਛ ਐਸੇ ਢੰਗ ਸੇ ਸੁਨਾਈ ਕਿ ਸ੍ਰੀ ਸ੍ਵਾਮੀ ਬ੍ਰਹਮਾਨੰਦ ਜੀ ਮੁਗਧ ਹੋ ਗਏ । ਅੰਮ੍ਰਿਤਸਰ ਗੁਰੂ ਦਰਬਾਰ



bsrstrust.org

ਕੇ ਦਰਸ਼ਨ ਕਰ ਕੇ ਉਨ ਕੀ ਆਤਮਾ ਪਰ ਕੁਛ ਇਸ ਤਰ੍ਹਾਂ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਝ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦਵਾਰ ਚਲੇ ਗਏ। ਵਹਾਂ ਇਕ ਦਿਨ ਅੱਛੇ ਭਲੇ ਬੈਠੇ ਥੇ, ਉਨ ਕੀ ਆਂਖੇ ਡੁਬਡੁਬਾਟੀ ਦੇਖ ਕਰ ਮੈਂ ਨੇ ਕਾਰਨ ਪੂਛਾ। ਉਨਹੋਂ ਨੇ ਉਤ੍ਰ ਦੀਆ ਕਿ ਆਯੂ ਭਰ ਰੇਤ ਛਾਨਾ ਕੀ, ਤੱਤ ਵਸਤੂ ਗੁਰੂ ਮੇਂ ਥੀ। ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ, ਤਬ ਕਲਯਾਨ ਹੋਗੀ। ਯੇਹ ਕਹਿਤੇ ਉਨ੍ਹੋਂ ਨੇ ਸਰੀਰ ਛੋੜ ਦੀਆ।

ਮੈਂ ਭੀ ਗੁਰੂ ਨਾਨਕ ਦੇਵ ਕੇ ਘਰ ਕੇ 'ਵਾਹਿਗੁਰੂ ਮੰਤਰ ਕਾ ਜਾਪ ਕਰਤਾ ਹੂੰ। ਜੋਗ ਸਾਧਨ ਜੋਗਾਚਰਯੋਂ ਕੇ ਪਾਸ ਬੈਠ ਕਰ ਕੀਏ, ਔਰ ਸਾਲਹਾ ਸਾਲ ਕੀਏ, ਔਰ ਜੋ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀਂ ਮਿਲੀ।

ਗੁਰੂ ਮਾਰਗ ਪੂਰਨ ਹੈ। "ਵਾਹਿਗੁਰੂ ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ। ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਿਆ ਅੰਮ੍ਰਿਤ ਹੈ। ਗੁਰੂ ਬਾਣੀ ਸੇ ਬੜ੍ਹ ਕਰ ਕਲਯਾਨਕਾਰੀ ਕੋਈ ਔਰ ਬਾਣੀ ਨਹੀਂ।

ਜੋਗੀ ਜੀ ਨੇ ਆਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤਵਯ ਹੈ, "ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ-ਜਾਪ ਸੇ ਸਹਿਜ ਮੇਂ ਹੋ ਜਾਤੀ ਹੈ, ਔਰ ਕਠਨ ਸਾਧਨ ਕਰਨੇ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ, ਯੇਹ ਸਤਯ ਹੈ, ਪ੍ਰੀਖਿਆ ਕੀਆ ਹੂਆ ਸਤਯ ਹੈ, ਔਰ ਨਿਰ-ਵਿਵਾਦ ਸਤਯ ਹੈ।

ਮੇਰੀ ਅਵਸਥਾ ਪੁਸਤਕ ਲਿਖਨੇ ਲਿਖਾਨੇ ਕੀ ਨਹੀਂ ਹੈ। ਕੁਛ ਪ੍ਰੇਮੀ ਸਜਨੋਂ ਕੀ ਪ੍ਰੇਰਨਾ ਸੇ ਅਪਨੇ ਜੀਵਨ ਮੇਂ ਦੇਖੀ ਭਾਲੀ ਬਾਤੇਂ ਭੇਂਟ ਹੈਂ। ਯਦੀ ਕਿਸੀ ਏਕ ਵਯਕਤੀ ਨੇ ਭੀ ਇਸ ਸੇ ਲਾਭ ਉਠਾਨੇ ਕਾ ਯਤਨ ਕੀਆ ਤੋ ਮੇਰਾ ਪ੍ਰੀਸ਼ਰਮ ਸਫਲ ਹੋ ਜਾਏਗ੍ਹਾ।

ਨਿਤਯਾ ਨੰਦ—("ਨੀਲਗੜੀ" ਹੁਣ ਰਿਖੀਕੇਸ਼)



bsrstrust.org

# 'ਸੂਰਾ' ਮਾਸਕ ਪੱਤਰ

ਇਸ ਪਰਚੇ ਦਾ ਮੁਖ ਮੰਤਵ ਹੈ—

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸ਼ਾਂ ਬਦੇਸ਼ਾਂ ਵਿਚ ਪਰਚਾਰ ਕਰਨਾ ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਣਾਉਣਾ ।

੩. ਸਿਖ ਧਰਮ, ਗੁਰਬਾਣੀ ਤੇ ਗੁਰਮਤਿ ਰਹਿਤ ਰਹਿਣੀ ਨਾਲ ਪਿਆਰ ਉਪਜਾਣ ਲਈ ਜਤਨ ।

੪. ਸਿਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ ।

੫. ਨੌਜਵਾਨਾਂ ਨੂੰ ਕੁਸੰਗਤ ਤੋਂ ਬਚਣ ਅਤੇ ਸ਼ੁਭ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ ।

੬. ਭੇੜੀਆਂ ਵਾਦੀਆਂ ਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ ।

੭. ਕੇਸ ਦਾੜ੍ਹੀ ਨੂੰ ਸੁਰਜੀਤ ਰਖਣ ਲਈ ਪ੍ਰਭਾਵ-ਸ਼ਾਲੀ ਵਿਚਾਰਾਂ ਦਾ ਪਰਚਾਰ ।

੮. ਸਾਦਾ ਜੀਵਨ ਤੇ ਸਾਦਾ ਲਿਬਾਸ ਰਖਣ ਲਈ ਪ੍ਰੇਰਨਾ ।

੯. ਸੇਵਾ ਤੇ ਸਿਮਰਨ ਅਪਣਾਉਣ ਲਈ ਪ੍ਰੇਰਨਾ ।

੧੦. ਦੰਭੀਆਂ ਪਖੰਡੀਆਂ ਤੇ ਪਰਪੰਚੀਆਂ ਦੇ ਪਾਜ ਉਘੇੜਨਾ ।

ਸਾਲਾਨਾ ਚੰਦਾ ਦੇਸ ੧੫/- ਪਰਦੇਸ ੩੦/-

ਹਵਾਈ ਡਾਕ । ਅਰਬ ਮਲਾਇਆ ੪੫/- ਯੂ. ਕੇ. ਅਫ਼ਰੀਕਾ ੬੦/-

ਕੈਨੇਡਾ ਅਮਰੀਕਾ ੭੦/-

## ਅਮਾਨਤੀ ਲਾਈਫ਼ ਮੈਂਬਰ

ਇਕੋ ਵਾਰ ਡੇਢ ਸੌ ਰੁਪਏ ਦੇਣ ਨਾਲ ਸਾਰੀ ਉਮਰ ਪਰਚਾ ਮਿਲਦਾ ਰਹੇਗਾ । ਇਹ ਰਕਮ ਬੈਂਕ ਵਿਚ ਤੁਹਾਡੇ ਨਾਂ ਜਮ੍ਹਾ ਹੋਵੇਗੀ । ਸਾਲਾਨਾ ਸੂਦ "ਸੂਰਾ" ਪੱਤਰ ਨੂੰ ਮਿਲਦਾ ਰਹੇਗਾ ਤੇ ਰਕਮ ਤੁਹਾਡੀ ਰਹੇਗੀ ।

ਲਾਈਫ ਮੈਂਬਰ ਦੇਸ ੧੫੦/- ਪਰਦੇਸ ਸੀ ਮੇਲ ਸਭ ਥਾਈਂ ੩੦੦/-

ਹਵਾਈ ਡਾਕ—— ਯੂ. ਕੇ. ਅਫ਼ਰੀਕਾ ੬੫੦/-

ਅਮਰੀਕਾ ਕੈਨੇਡਾ ੭੫੦/- ਮਲਾਇਆ ਅਰਬ ੫੦੦/-

ਚਿੱਠੀ ਪੱਤਰ ਤੇ ਰਕਮ ਭੇਜਣ ਲਈ :

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

bsrstrust.org